ਪੰਜਾਬ ਸਰਕਾਰ( ਵਿੱਤ ਵਿਭਾਗ)
ਸਥਾਨਕ ਫੰਡ ਲੇਖਾ,ਪੜਤਾਲ ਸੰਗਠਨ।

ਵਲੋਂ

ਪ੍ਰੀਖਕ ਸਥਾਨਕ ਫੰਡ ਲੇਖਾ,ਪੰਜਾਬ,
ਚੰਡੀਗੜ।

ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ,ਪੰਜਾਬ,
ਚੰਡੀਗੜ।

ਨੰਬਰ: ਮਿਤੀ:

ਵਿਸ਼ਾ:- ਲੇਖਾ ਪੜਤਾਲ ਅਤੇ ਨਿਰੀਖਣ ਰਿਪੋਰਟ ਨਗਰ ਪੰਚਾਇਤ ਰਾਜਸਾਂਸੀ,ਜਿਲ੍ਹਾ ਅੰਮ੍ਰਿਤਸਰ।
ਸਮਾਂ 4/16 ਤੋਂ 3/17

ਵਿਸ਼ੇ ਅਧੀਨ ਲੇਖਾ ਪੜਤਾਲ ਅਤੇ ਨਿਰੀਖਣ ਰਿਪੋਰਟ ਦੀ ਨਕਲ ਨੱਥੀ ਹੈ।ਇਸ ਵਿੱਚ ਦਰਸਾਏ ਹੇਠ ਲਿਖੇ ਗੰਭੀਰ ਇਤਰਾਜ਼ ਸਰਕਾਰ ਦੇ ਧਿਆਨ ਵਿੱਚ ਲਿਆਉਣ ਯੋਗ ਹਨ।ਇਹਨਾ ਪੈਰਿਆਂ ਵਿੱਚ ਦਰਸਾਈਆਂ ਗੰਭੀਰ ਉਕਾਈਆਂ ਅਤੇ ਬੇਕਾਇਦਗੀਆਂ ਉਪਰ ਤੁਰੰਤ ਕਾਰਵਾਈ ਦੀ ਲੋੜ ਹੈ।ਇਹ ਵੇਖਣ ਵਿੱਚ ਆਇਆ ਹੈ ਕਿ ਪਿਛਲੀਆਂ ਆਡਿਟ ਰਿਪੋਰਟਾਂ ਵਿਚੋਂ ਬਕਾਇਆ ਚਲੇ ਆ ਰਹੇ ਇਤਰਾਜਾਂ ਤੇ ਢੁੱਕਵੀ ਕਾਰਵਾਈ ਨਹੀ ਕੀਤੀ ਗਈ ਅਤੇ ਇਹਨਾਂ ਵਿੱਚ ਵਾਧਾ ਹੋ ਰਿਹਾ ਹੈ।ਮਿਊਸਿਪਲ ਅਕਾਊਂਟ ਕੋਡ 1930 ਦੇ ਰੂਲ 17.17(6) ਅਤੇ (7) ਅਧੀਨ ਪਿਛਲੀ ਆਡਿਟ ਰਿਪੋਰਟ ਮਿਊਸਿਪਲ ਕੌਂਸਲ/ਨਗਰ ਸੁਧਾਰ ਟਰੱਸਟ ਸਾਹਮਣੇ ਪੇਸ਼ ਨਹੀ ਕੀਤੇ ਗਈ ਅਤੇ ਨਾਂ ਹੀ ਉਤਰਮਾਲਾ ਤਿਆਰ ਕਰਕੇ ਇਸ ਦਫ਼ਤਰ ਨੂੰ ਭੇਜੀ ਗਈ ਹੈ।ਜੋ ਉਪਰੋਕਤ ਨਿਯਮਾਂ ਦੇ ਪ੍ਰਤੀਕੂਲ ਹੈ।ਆਡਿਟ ਇਤਰਾਜ਼ਾਂ ਦੇ ਨਿਪਟਾਰੇ ਸਬੰਧੀ ਸਮੇਂ ਸਿਰ ਕਾਰਵਾਈ ਨਾ ਕਰਨ ਦੇ ਨਤੀਜੇ ਵਜੋ ਇਹਨਾਂ ਸਬੰਧੀ ਕਾਨੂੰਨੀ ਅੜਚਨਾਂ ਵੀ ਪੈਦਾ ਹੋ ਸਕਦੀਆਂ ਹਨ।ਇਸ ਲਈ ਨਗਰ ਕੌਂਸਲ ਅਧਿਕਾਰੀਆਂ ਨੂੰ ਆਡਿਟ ਇਤਰਾਜ਼ਾਂ ਦੀ ਪਾਲਣਾਂ ਕਰਨ ਪ੍ਰਤੀ ਵਿਸ਼ੇਸ ਧਿਆਨ ਦੇ ਬਾਰੇ ਹਦਾਇਤਾਂ ਜਾਰੀ ਕਰਨਾ ਉਚਿੱਤ ਹੋਵੇਗਾ,ਜੀ।

| ਲੜੀ ਨੰ: | ਵੇਰਵਾ | ਪੈਰਾ ਨੰ: | ਰਕਮ |
|---|---|---|---|
| 1. | ਗਬਨ ਜਾਂ ਕੁਵਰਤੋਂ ਪੈਰੇ | - | |
| 2. | ਸਟਾਕ/ਸਟੋਰ ਵਿੱਚ ਪਾਈਆਂ ਤਰੁੱਟੀਆਂ | - | |
| 3. | ਘੱਟ ਵਸੂਲੀਆਂ ਬਾਰੇ ਪੈਰੇ | 9 C(3) | 6048- |
| 4 | ਅਨਿਯਮਤ/ਵਧੀਕ ਅਦਾਇਗੀਆਂ<br>(ੳ) ਅਨਿਯਮਤ ਅਦਾਇਗੀਆਂ<br>(ਅ) ਪ੍ਰੋਸੀਜਰਲ ਲੈਪਸ ਅਦਾਇਗੀਆਂ<br>(ੲ) ਟਾਲਣਯੋਗ ਅਦਾਇਗੀਆਂ<br>(ਸ) ਵਸੂਲਣਯੋਗ ਰਕਮਾਂ ਸਬੰਧੀ ਪੈਰੇ<br>(ਹ) ਸਮਾਂ ਟੱਪ ਚੁੱਕੀਆਂ ਵਧੀਕ ਅਦਾਇਗੀਆਂ ਅਤੇ ਵਸੂਲੀਆਂ | 3, 5(2) (ਅ)<br><br><br>4(2) (ਅ), 11(ਅ) | 195698<br><br><br>2340163- |
| 5. | ਫੁੱਟਕਲ ਗੰਭੀਰ ਉਕਾਈਆਂ ਦੇ ਪੈਰੇ | | |
| 6. | ਲੇਖਿਆਂ ਦੇ ਰੱਖ-ਰਖਾਵ ਦੀ ਸਥਿਤੀ | | |
| | ਰਿਕਾਰਡ ਜੋ ਪੇਸ਼ ਨਹੀ ਕੀਤਾ ਗਿਆ | 15 | |

ਇਹ ਵੀ ਵੇਖਣ ਵਿੱਚ ਆਇਆ ਹੈ,ਕਿ ਕਾਫੀ ਰਿਕਾਰਡ ਜਿਸ ਦਾ ਵੇਰਵਾ ਆਡਿਟ ਪੈਰਾ ਨੰ:11 ਵਿੱਚ ਦਿੱਤਾ ਗਿਆ ਹੈ,ਆਡਿਟ ਦੋਰਾਨ ਪੇਸ਼ ਨਹੀ ਕੀਤਾ ਗਿਆ।ਰਿਕਾਰਡ ਦਾ ਪੇਸ਼ ਨਾ ਹੋਣਾ ਗੰਭੀਰ ਬੇਕਾਇਦਗੀਆਂ ਦੀ ਸੰਭਾਵਨਾਂ ਦਾ ਸੰਕੇਤ ਦਿੰਦਾ ਹੈ।ਇਸ ਲਈ ਸਬੰਧਤ ਰਿਕਾਰਡ ਬਿਨਾਂ ਹੋਰ ਦੇਰੀ ਤੋਂ ਪੜਤਾਲ ਲਈ ਆਡਿਟ ਨੂੰ ਪੇਸ਼ ਕਰਵਾਉਣ ਸਬੰਧੀ ਹਦਾਇਤਾਂ ਜਾਰੀ ਕਰਨਾ ਉਚਿੱਤ ਹੋਵੇਗਾ ਤਾਂ ਜੋ ਪੜਤਾਲ ਉਪਰੰਤ ਬੇਨਿਯਮੀਆਂ ਸਰਕਾਰ ਦੇ ਧਿਆਨ ਵਿੱਚ ਲਿਆਂਦੀਆ ਜਾ ਸਕਣ ਜੀ।

-ਸਹੀ-
ਰਿਜਨਲ ਡਿਪਟੀ ਡਾਇਰੈਕਟਰ:(ਲੋਕਲ ਆਡਿਟ)
ਵਾਸਤੇ,ਪ੍ਰੀਖਕ ਸਥਾਨਕ ਫੰਡ ਲੇਖਾ,ਪੰਜਾਬ, ਚੰਡੀਗੜ੍ਹ।

ਨੰਬਰ:- 5(429)50 ਮਿਤੀ:-31/10/17

ਉਪਰੋਕਤ ਦਾ ਉਤਾਰਾ ਲੇਖਾ ਪੜਤਾਲ ਤੇ ਨਿਰੀਖਣ ਰਿਪੋਰਟ ਦੀ ਨਕਲ ਨਿਮਨਲਿਖਤ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1 ਕਾਰਜ ਸਾਧਕ ਅਫ਼ਸਰ ਨਗਰ ਪੰਚਾਇਤ ਰਾਜਾਸਾਂਸੀ,ਜਿਲ੍ਹਾ ਅੰਮ੍ਰਿਤਸਰ,ਨੂੰ ਭੇਜ ਕਿ ਬੇਨਤੀ ਕੀਤੀ ਜਾਂਦੀ ਹੈ,ਕਿ ਮਿਊਸਿਪਲ ਅਕਾਊਟ ਕੋਡ1930 ਦੇ ਰੂਲ 17.17(6) ਅਤੇ (7) ਅਧੀਨ ਆਡਿਟ ਨੋਟ ਤੇ ਯੋਗ ਕਾਰਵਾਈ ਕਰਨ ਉਪਰੰਤ ਉਤਰਮਾਲਾ ਤਿੰਨ ਮਹੀਨੇ ਦੇ ਅੰਦਿਰ-ਅੰਦਰ ਇਸ ਦਫ਼ਤਰ ਨੂੰ ਭੇਜੀ ਜਾਵੇ।
2. ਡਿਪਟੀ ਕਮਿਸ਼ਨਰ, ਅੰਮ੍ਰਿਤਸਰ।
3. ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ,ਅੰਮ੍ਰਿਤਸਰ।
4. ਸਹਾਇਕ ਕੰਟਰੋਲਰ/ਸੈਕਸ਼ਨ ਅਫ਼ਸਰ(ਲੋਕਲ ਆਡਿਟ ,ਅੰਮ੍ਰਿਤਸਰ,ਮਾਰਫ਼ਤ ਰਿਜਨਲ ਡਿਪਟੀ ਡਾਇਰੈਕਟਰ ਲੋਕਲਆਡਿਟਅੰਮ੍ਰਿਤਸਰ,ਰਿਜਨ
5. ਦਫ਼ਤਰ ਕਾਪੀ।

ਰਿਜਨਲ ਡਿਪਟੀ ਡਾਇਰੈਕਟਰ:(ਲੋਕਲ ਆਡਿਟ)
ਵਾਸਤੇ,ਪ੍ਰੀਖਕ ਸਥਾਨਕ ਫੰਡ ਲੇਖਾ,ਪੰਜਾਬ,ਚੰਡੀਗੜ੍ਹ।

## ਖਰੜਾ ਲੇਖਾ-ਪੜਤਾਲ ਅਤੇ ਨਿਰੀਖਣ ਰਿਪੋਰਟ ਨਗਰ ਪੰਚਾਇਤ ਰਾਜਾਸਾਂਸੀ ,ਜਿਲਾ ਅੰਮ੍ਰਿਤਸਰ।

### ਸਮਾਂ 4/16 ਤੋਂ 3/17

ਪਿਛਲੀ ਆਡਿਟ ਰਿਪੋਰਟ ਸਮਾਂ 4/15 ਤੋਂ 3/16 ਤੱਕ ਨਗਰ ਪੰਚਾਇਤ ਰਾਜਾਸਾਂਸੀ ਦਫਤਰ ਵਿਖੇ ਮਿਤੀ 23-12-2016 ਨੂੰ ਪ੍ਰਾਪਤ ਹੋਈ ਸੀ ਜੋ ਕਿ ਨਗਰ ਪੰਚਾਇਤ ਦੇ ਸਾਹਮਣੇ ਪੇਸ਼ ਨਹੀ ਕੀਤੀ ਗਈ ਅਤੇ ਨਾ ਹੀ ਇਸ ਦੀ ਉਤਰਮਾਲਾ ਤਿਆਰ ਕਰਕੇ 06 ਹਫਤਿਆਂ ਦੇ ਵਿੱਚ ਇਸ ਦਫਤਰ ਨੂੰ ਨਹੀ ਭੇਜੀ ਗਈ ਸੀ,ਜੋ ਕਿ ਮਿਊਸਿਪਲ ਕੋਡ 1930 ਦੇ ਨਿਯਮ 17.17(6) ਅ(7) ਦੀ ਉਲੰਘਣਾ ਸੀ,ਇਹ ਤੱਥ ਡਾਇਰੈਕਟਰ ਸਥਾਨਕ ਸਰਕਾਰਾਂ ਦੇ ਵਿਸ਼ੇਸ ਧਿਆਨ ਵਿੱਚ ਲਿਆਂਦਾ ਜਾਦਾ ਹੈ।

ਵਰਤਮਾਨ ਆਡਿਟ ਦੇ ਅੰਤ ਤੇ ਹੇਠ ਲਿਖੇ ਅਨੁਸਾਰ 145 ਆਡਿਟ ਪੈਰੇ ਬਕਾਇਆ ਖੜੇ ਸਨ।ਪੂਰਾ ਵੇਰਵਾ ਅਨੁਲੱਗ ੳ ਵਿੱਚ ਦਰਸਾਇਆ ਗਿਆ ਹੈ।ਪੈਰਿਆਂ ਦੇ ਨਿਪਟਾਰੇ ਲਈ ਅੰਸ਼ਕ ਕਾਰਵਾਈ ਕੀਤੀ ਗਈ ਸੀ,ਪ੍ਰੰਤੂ ਕੁਝ ਗੰਭੀਰ ਕਿਸਮ ਦੇ ਇਤਰਾਜ਼ ਜਿਵੇ ਕਿ ਫੰਡਾਂ ਦੀ ਕੁਵਰਤੋਂ,ਵਧੀਕ, ਬੇਕਾਇਦਾ ਪ੍ਰੋਵੀਜਨਲ ਅਤੇ ਟਾਲਣਯੋਗ ਖਰਚੇ,ਵਿਕਾਸ ਦੇ ਕੰਮਾਂ ਦੀਆਂ ਤਰੁੱਟੀਆਂ,ਲਾਗ ਬੁੱਕਾਂ,ਘੱਟ ਵਸੂਲੀਆ ਅਤੇ ਰਿਕਾਰਡ ਨਾਂ ਪੇਸ਼ ਨਾ ਕਰਨਾ ਆਦਿ ਵੱਲ ਧਿਆਨ ਦੇਣ ਦੀ ਜਰੂਰਤ ਹੈ।ਆਡਿਟ ਇਤਰਾਜਾਂ ਦੇ ਨਿਪਟਾਰੇ ਲਈ ਯੋਗ ਕਾਰਵਾਈ ਹੁਣ ਕੀਤੀ ਜਾਵੇ ਅਤੇ ਪਾਲਣਾਂ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| | | |
|---|---|---|
| (ੳ) | 15 ਸਾਲ ਤੋ ਵੱਧ ਪੁਰਾਣੇ | 70 |
| (ਅ) | 10 ਸਾਲ ਤੋ ਵੱਧ ਪੁਰਾਣੇ | 27 |
| (ੲ) | 05 ਸਾਲ ਤੋਂ ਵੱਧ ਪੁਰਾਣੇ | – |
| (ਸ) | ਹੋਰ | 48 |
| (ੲ) | ਕੁੱਲ | 145 |

2. ਵਰਤਮਾਨ ਆਡਿਟ:- ਵਰਤਮਾਨ ਆਡਿਟ ਸਮਾਂ 4/16 ਤੋਂ 3/17 ਤੱਕ ਦੇ ਲੇਖਿਆਂ ਦਾ ਟੈਸਟ ਆਡਿਟ ਗੁਰਦੀਪ ਸਿੰਘ ਮਾਹਲ ਸੈਕਸ਼ਨ ਅਫਸਰ ਵਲੋਂ ਮਿਤੀ 28.6.2017 ਤੋਂ 20.7.2017 ਤੱਕ ਕੀਤਾ ਗਿਆ।ਇਸ ਸਬੰਧੀ ਮਹੀਨਾਂ 7/16 ਅਤੇ 3/17 ਦੇ ਲੇਖੇ ਵਿਸਥਾਰ ਪੂਰਵਕ ਪੜਤਾਲ ਲਈ ਚੁਣੇ ਗਏ ਅਤੇ ਪੜਤਾਲ ਦੌਰਾਨ ਪਾਈਆ ਗੰਭੀਰ ਉਕਾਈਆ ਸਬੰਧਤ ਪੈਰਿਆਂ ਵਿੱਚ ਵਿਸਥਾਰ ਪੂਰਵਕ ਉਲੇਖ ਹੇਠ ਲਿਖੇ ਅਨੁਸਾਰ ਹੈ :-

| ਲੜੀ ਨੰਬਰ | ਵਰਵਾ | ਪੈਰਾ ਨੰਬਰ |
|---|---|---|
| 1. | ਅਨਿਯਮਤ/ਵਾਧੂ ਅਦਾਇਗੀਆਂ | 3 |

| | | |
|---|---|---|
| 2 | ਵਸੂਲੀਆਂ | 4 |
| 3 | ਵਿਕਾਸ ਦੇ ਕੰਮ | 5 |
| 4 | ਵਿੱਤੀ ਸਥਿਤੀ | 6 |
| 5 | ਨਕਸ਼ੇ | 9 |
| 6 | ਵਾਟਰ ਸਪਲਾਈ | 10 |
| 7 | ਹਾਊਸ ਟੈਕਸ/ ਪ੍ਰੋਪਰਟੀ ਟੈਕਸ | 11 |
| 8 | ਲਾਗ ਬੁੱਕਾਂ | 12 |
| 9 | ਕਲਾਸੀਫਾਇਡ ਐਬਸਟਰਕਟ | 13 |
| 10 | ਰਿਕਾਰਡ ਪੇਸ਼ ਨਹੀ ਕੀਤਾ | 15 |
| 11 | ਫ਼ੁੱਟਕਲ | 16 |

3. ਅਨਿਯਮਤ/ ਵਾਧੂ ਟਾਲਣਯੋਗ ਅਦਾਇਗੀਆਂ :-

(ੳ) ਆਡਿਟ ਰਿਪੋਰਟ ਸਮਾਂ 4/05 ਤੋ 3/12 ਦੇ ਪੈਰਾ ਨੰ: 3(ਅ) ਮੁਤਾਬਿਕ ਵੋਚਰ ਨੰਬਰ 62 ਮੁਤਾਬਿਕ ਮਿਤੀ 21-5-10 ਰਾਹੀ ਦੀ ਮਲਿਕ ਕੋ-ਆਪਰੇਟਿਵ ਸੋਸਾਇਟੀ ਨੂੰ 108520/- ਰੁਪਏ ਦੀ ਅਦਾਇਗੀ ਨਾਲੀਆਂ ਬਣਾਉਣ ਵਾਸਤੇ ਕੀਤੀ ਗਈ ਸੀ। ਜਿਸ ਵਿੱਚ 704.50 ਸਕੇਅਰ ਮੀਟਰ ਇੱਟਾਂ ਦੀ ਡਿਸਮੈਂਟਲਿੰਗ ਵੀ ਕੀਤੀ ਗਈ ਹੈ, ਪਰ 704.50 ਸਕੇਅਰ ਮੀਟਰ ਵਿਚੋ ਇੱਟਾਂ ਅਤੇ ਰੋੜੀ ਦੀ ਰਿਕਵਰੀ ਨਹੀ ਕੀਤੀ ਗਈ, ਬਣਦੀ ਰਕਮ ਵਰਕ ਆਊਟ ਕਰਕੇ ਨਗਰ ਪੰਚਾਇਤ ਫ਼ੰਡ ਵਿੱਚ ਜਮਾਂ ਨਹੀ ਕਰਵਾਈ ਗਈ। ਇਹ ਵਸੂਲੀ ਹੁਣ ਕਰਕੇ ਨਗਰ ਪੰਚਾਇਤ ਫ਼ੰਡ ਵਿੱਚ ਜਮਾਂ ਕਰਵਾਈ ਜਾਵੇ, ਅਤੇ ਪਾਲਣਾ ਅਗਲੇ ਆਡਿਟ ਪੜਤਾਲ ਸਮੇਂ ਵਿਖਾਈ ਜਾਵੇ।

Amount recovered V. No. 16(A) dt. 14/11/17

(ਅ) ਨਗਰ ਪੰਚਾਇਤ ਰਾਜਾਸਾਂਸੀ ਵਲੋਂ 2015-16 ਦੌਰਾਨ ਹੇਠ ਲਿਖੇ ਵੇਰਵੇ ਅਨੁਸਾਰ ਵਾਧੂ/ਅਨਿਯਮਤ ਅਦਾਇਗੀ ਕੀਤੀ ਗਈ ਜਿਸ ਨੂੰ ਸਰਕਾਰੀ ਨਿਯਮਾਂ ਅਨੁਸਾਰ ਸਹੀ ਨਹੀ ਮੰਨਿਆ ਜਾ ਸਕਦਾ। ਇਹਨਾਂ ਖਰਚਿਆਂ ਦੀ ਪੰਜਾਬ ਸਰਕਾਰ ਪਾਸੋ ਪ੍ਰਵਾਨਗੀ ਲੈਣ ਉਪਰੰਤ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਲੜੀ ਨੰ: | ਵੋਚਰ ਨੰਬਰ | ਰਕਮ/ਰੁਪਏ | ਵੇਰਵਾ |
|---|---|---|---|
| 1 | 25 ਮਿਤੀ 8-1-2016 | 7071/- | ਮੁੱਖ ਮੰਤਰੀ ਦੀ ਰੈਲੀ ਵਿੱਚ ਸਾਮਲ ਹੋਣ ਲਈ 150 ਲੀਟਰ ਡੀਜਲ ਦੀ ਖ੍ਰੀਦ ਕਰਨ ਉਪਰੰਤ ਗੱਡੀ ਗੋਇੰਦਵਾਲ ਸਾਹਿਬ ਭੇਜੀ |
| 2 | 35 ਮਿਤੀ 21-1-2016 | 7000/- | 26 ਜ਼ਨਵਰੀ ਦੇ ਜਸ਼ਨ ਲਈ ਐਸ.ਡੀ.ਐਮ ਅਜਨਾਲਾ ਨੂੰ ਚੈਕ ਨੰਬਰ 000754 ਮਿਤੀ |

| | | | |
|---|---|---|---|
| | | | 21-1-2016 ਰਾਹੀ ਰਕਮ ਭੇਜੀ। |
| 3 | 25 ਏ ਮਿਤੀ 7-8-15 | 7000/- | 15 ਅਗਸਤ ਦੇ ਜਸ਼ਨ ਮਨਾਉਣ ਲਈ ਐਸ.ਡੀ. ਐਮ.ਅਜਨਾਲਾ ਨੂੰ ਚੈਕ ਨੰਬਰ 00692 ਮਿਤੀ 7-8-2015 ਨੂੰ ਰਕਮ ਭੇਜੀ। |
| 4 | 71 ਮਿਤੀ 24-8-2015 | 1446/- | ਦਫ਼ਤਰ ਦੇ ਬਿਜਲੀ ਖਾਤਾ ਨੰ:46 ਜੀ.ਟੀ.460141 ਏ ਜਿਸ ਦੀ ਕੁੱਲ ਰਕਮ 18340/-ਰੁਪਏ ਬਣਦੀ ਹੈ। ਇਸ ਵਿੱਚ ਬਕਾਇਆ ਰਕਮ ਵਜੋਂ 1446/- ਰੁਪਏ ਅਦਾ ਕੀਤੇ ਗਏ। |

4. ਵਸੂਲੀਆਂ :-

(ੳ) ਦੁਕਾਨਾਂ ਦਾ ਕਿਰਾਇਆ:- ਹੇਠ ਲਿਖੇ ਵੇਰਵੇ ਅਨੁਸਾਰ 31.3.2017 ਨੂੰ ਦੁਕਾਨਦਾਰਾਂ ਵੱਲ 136070/- ਰੁਪਏ ਕਿਰਾਏ ਵਜੋਂ ਬਕਾਏ ਖੜੇ ਸਨ,ਪ੍ਰੰਤੂ ਪੜਤਾਲ ਦੇ ਅੰਤ ਤੱਕ ਇਹਨਾਂ ਬਕਾਇਆ ਦੀ ਵਸੂਲੀ ਨਹੀ ਕੀਤੀ ਗਈ ਸੀ। ਜੋ ਕਿ ਇਹ ਸਹੀ ਨਹੀ ਹੈ। ਸਬੰਧਤ ਕਰਮਚਾਰੀ ਨੂੰ ਹਦਾਇਤ ਕੀਤੀ ਜਾਵੇ,ਕਿ ਇਹਨਾਂ ਦੀ ਵਸੂਲੀ ਵਾਸਤੇ ਵਿਸ਼ੇਸ ਉਪਰਾਲੇ ਕੀਤੇ ਜਾਣ ਅਤੇ ਕੀਤੀ ਵਸੂਲੀ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| | |
|---|---|
| ਮੁੱਢਲਾ ਬਕਾਇਆ 1.4.2016 | 196423/- |
| ਮੰਗ 1.4.16 ਤੋਂ 31.3.17 | 50613/- |
| ਜੋੜ | 247036/- |
| ਵਸੂਲੀ 31.3.17 ਤੱਕ | 110966/- |
| ਅੰਤਿਮ ਬਾਕੀ 31.3.17 ਨੂੰ | 136070/- |

ਦੁਕਾਨਾਂ ਦੇ ਕਿਰਾਏ ਦਾ ਰਜਿਸਟਰ ਸਮਰੱਥ ਅਧਿਕਾਰੀ ਤੋਂ ਤਸਦੀਕ ਨਹੀ ਕਰਵਾਇਆ ਗਿਆ। ਇਹ ਰਜਿਸਟਰ ਸਬੰਧਤ ਅਧਿਕਾਰੀ ਪਾਸੋ ਤਸਦੀਕ ਕਰਵਾਏ ਜਾਣ ਅਤੇ ਪਾਲਣਾਂ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

(ਅ) <u>ਟਾਵਰਾਂ ਦੀ ਆਮਦਨ:-</u> ਵੱਖ ਵੱਖ ਕੰਪਨੀਆ ਦੇ ਟਾਵਰ ਨਗਰ ਪੰਚਾਇਤ ਰਾਜਾਸਾਂਸੀ ਦੀ ਹਦੂਦ ਵਿੱਚ ਲੱਗੇ ਸਨ। ਇਹਨਾਂ ਕੰਪਨੀਆ ਵੱਲ ਹੇਠ ਲਿਖੇ ਵੇਰਵੇ ਅਨੁਸਾਰ 422800/-ਰੁਪਏ ਬਤੌਰ ਲਾਇਸੈਂਸ ਫ਼ੀਸ ਵਜੋਂ ਖੜੇ ਸਨ ਜਿਸ ਦੀ ਵਸੂਲੀ ਆਡਿਟ ਸਮੇਂ ਦੇ ਅੰਤ ਤੱਕ ਨਹੀ ਕੀਤੀ ਗਈ ਸੀ। ਇਸ ਦੀ ਵਸੂਲੀ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣ ਅਤੇ ਕੀਤੀ ਵਸੂਲੀ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਲੜੀ ਨੰ: | ਸਮਾਂ | ਰਕਮ/ਰੁਪਏ | ਵੇਰਵਾ |
|---|---|---|---|
| 1 | 2014-15 ਅਤੇ 2016-17 | 46000/- | ਜੀ.ਟੀ. ਐਲ.ਇਨਫਰਸਕਟਚਰ ਇੰਡਸਟਰੀਅਲ ਏਰੀਆ,ਮੋਹਾਲੀ |
| 2 | 2016-17 | 15300/- | ਵੋਡਾਫੋਨ ਐਸ.ਆਰ ਸਾਊਥ ਲਿਮਟਿਡ ਇੰਡਸਟਰੀਆਂ ਏਰੀਆ ਮੋਹਾਲੀ। |
| 3 | 2011-12 ਤੋਂ 2016-17 | 122100/- | ਇੰਨਡਸ ਪਾਵਰ ਲਿਮਟਿਡ ਡੀ.ਐਲ.ਐਫ਼ ਆਈ.ਟੀ.ਪਾਰਕ,ਚੰਡੀਗੜ। |
| 4 | 2003-04 ਤੋਂ 2016-17 | 80,000/- | ਬੀ.ਐਸ.ਐਨ.ਐਲ ਟੈਲੀਫ਼ੋਨ ਐਕਸਚੇਂਜ,ਮੋਹਾਲੀ। |
| 5 | 2010-11 ਤੋਂ 2016-17 | 70,400/- | ਟੂਲਿਪ ਟੈਲੀਕਾਮ ਲਿਮਟਿਡ ਸੈਕਟਰ 20-ਸੀ ਚੰਡੀਗੜ। |
| 6 | 2011-12 ਤੋਂ 2016-17 | 89,000/- | ਏ.ਟੀ.ਸੀ.ਟੈਲੀਕਾਮ ਟਾਵਰ ਕਾਰਪੋਰੇਸ਼ਨ ਪ੍ਰਾਈਵੇਟ ਲਿਮਟਿਡ। |
| | ਕੁੱਲ ਜੋੜ | 422800/- | |

5. <u>ਵਿਕਾਸ ਦੇ ਕੰਮ :-</u>

(ੳ) ਹੇਠ ਲਿਖੇ ਵੇਰਵੇ ਅਨੁਸਾਰ ਨਿਊ ਲਾਇਟ ਕੋ- ਆਪਰੇਟਿਵ ਸੋਸਾਇਟੀ ਨੂੰ ਜੇ.ਸੀ.ਬੀ ਦੇ ਕਿਰਾਏ ਵਜੋਂ ਅਦਾਇਗੀਆਂ ਕੀਤੀਆ ਗਈਆ ਸਨ। ਟੈਂਡਰ ਅਤੇ ਵਰਕ ਆਰਡਰ ਮੁਤਾਬਿਕ ਜੇ.ਸੀ.ਬੀ. ਦੀ ਪ੍ਰਤੀ ਘੰਟੇ ਦਾ ਕਿਰਾਇਆ 750/-ਰੁਪਏ(-) 3% ਸੇਵਿੰਗ ਨਿਸ਼ਚਿਤ ਕੀਤਾ ਗਿਆ ਸੀ,ਪ੍ਰੰਤੂ ਨਗਰ ਪੰਚਾਇਤ ਵਲੋਂ ਸਬੰਧਤ ਫ਼ਰਮ ਨੂੰ ਇਹ ਅਦਾਇਗੀ 800/- ਰੁਪਏ ਪ੍ਰਤੀ ਘੰਟਾ ਕਰਨ ਕਰਕੇ 8335/- ਰੁਪਏ ਦੀ ਵਾਧੂ ਅਦਾਇਗੀ ਕੀਤੀ ਗਈ। ਇਹ ਵਾਧੂ ਅਦਾਇਗੀ ਸਬੰਧਤ ਫ਼ਰਮ/ਜਿੰਮੇਵਾਰ ਕਰਮਚਾਰੀ ਪਾਸੋਂ ਵਸੂਲ ਕਰਕੇ ਨਗਰ ਪੰਚਾਇਤ ਫ਼ੰਡ ਵਿੱਚ ਜਮਾਂ ਕਰਵਾਈ ਜਾਵੇ,ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

Audit Recovery fee Withheld
Amt Rs 3365/- MB Page No 14-26/45
8335/-

| ਵੋਚਰ ਨੰ: | ਮਹੀਨਾਂ | ਅਦਾ ਕੀਤੀ ਗਈ ਰਕਮ | ਅਦਾਇਗੀ ਯੋਗ ਰਕਮ | ਵਾਧੂ ਅਦਾਇਗੀ |
|---|---|---|---|---|
| 9–ਏ | 7/16 | 1,20000/– | 1,12908 | 7092/– |
| 18 | 7/16 | 90050/– | 88807/– | 1243/– |
| | | | ਜੋੜ | 8335/– |

(ਅ) ਹੇਠ ਲਿਖੇ ਵੇਰਵੇ ਅਨੁਸਾਰ ਵਿਕਾਸ ਦੇ ਕੰਮਾਂ ਦੀਆਂ ਚੋਣਵੇਂ ਮਹੀਨਿਆ ਦੌਰਾਨ ਵੱਖ ਵੱਖ ਫਰਮਾਂ ਨੂੰ ਅਦਾਇਗੀਆਂ ਕੀਤੀਆਂ ਗਈਆਂ ਸਨ । ਇਹਨਾਂ ਬਿੱਲਾਂ ਦੀਆਂ ਕੈਲਕੂਲੇਸ਼ਨਾਂ, ਰੇਟਾਂ ਵਿੱਚ ਫਰਕ ਹੋਣ ਕਰਕੇ, ਸੇਵਿੰਗ ਅਤੇ ਸੀਮਿੰਟ ਦੀ ਕਟੌਤੀ ਨਾ ਕਰਨ ਕਰਕੇ 187633/–ਰੁ: ਵਾਧੂ ਅਦਾਇਗੀ ਕੀਤੀ ਗਈ ਸੀ। ਇਸ ਰਕਮ ਦੀ ਵਸੂਲੀ ਸਬੰਧਤ ਫਰਮ/ਜੁੰਮੇਵਾਰ ਕਰਮਚਾਰੀ ਤੋਂ ਵਸੂਲ ਕੇ ਨਗਰ ਪੰਚਾਇਤ ਫੰਡ ਵਿੱਚ ਜਮ੍ਹਾਂ ਕਰਵਾਈ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ ।

| ਵੋਚਰ ਨੰ: | ਮਹੀਨਾਂ | ਫਰਮ ਦਾ ਨਾਂ | ਅਦਾ ਕੀਤੀ ਰਕਮ/ਰੁਪਏ | ਅਦਾਇਗੀ ਯੋਗ ਰਕਮ/ਰੁਪਏ | ਵਾਧੂ ਅਦਾਇਗੀ |
|---|---|---|---|---|---|
| 9–ਬੀ | 7/16 | ਦੀ ਪਲਸੌਰ ਕੋ–ਆਪਰੇਟਿਵ ਸੋਸਾਇਟੀ ਲਿਮਟਿਡ | 394275/– | 389870/– | 4405/– |
| 36 | 7/16 | ਦੀ ਮਲਿਕ ਕੋ–ਆਪਰੇਟਿਵ ਸੋਸਾਇਟੀ ਲਿਮਟਿਡ | 390000/– | 385405/– | 4595/– |
| 37 | 7/16 | ਦੀ ਮਲਿਕ ਕੋ–ਆਪਰੇਟਿਵ ਸੋਸਾਇਟੀ ਲਿਮਟਿਡ | 111859/– | 111289/– | 570/– |
| ਐਮ.ਬੀ.ਨੰ:42 ਪੰਨਾਂ –62 | 7/16 | ਦੀ ਮਲਿਕ ਕੋ–ਆਪਰੇਟਿਵ ਸੋਸਾਇਟੀ ਲਿਮਟਿਡ | 941980/– | 936169/– | 5811/– |
| 38 | 7/16 | Rs. 2281/- Recovered R.No. 33/195 | 211503/– | 209222/– | 2281/– |
| 43 | 3/17 | ਦੀ ਨਿਊ ਲਾਈਟ ਕੋ–ਆਪ ਸੋਸਾਇਟੀ ਲਿਮਟਿਡ | 282323/– | 266405/– | 15918/– |
| 51 | 3/17 | ਦੀ ਨੈਸ਼ਨਲ | 94242/– | 93029/– | 1213/– |

Amount 10976 Recovered V.No. 15/06/2018 10976

Recovered R.No. 3/195 dt. 20/06/18

Audit Recovery for Withheld MB 14-70/195 Rs. 15918/- dt. 25/04/18.

| | | | | | |
|---|---|---|---|---|---|
| | | ਕੋ-ਆਪਰੇਟਿਵ ਸੋਸਾਇਟੀ ਲਿਮਟਿਡ | | | |

ਪੀ.ਆਈ .ਡੀ.ਬੀ

| | | | | | |
|---|---|---|---|---|---|
| 6 | 11/16 | ਦੀ ਪਲਾਸੌਰ ਕੋ-ਆਪਰੇਟਿਵ ਸੋਸਾਇਟੀ ਲਿਮਟਿਡ | 350526/- | 348546/- | 1980/- |
| 1 | 3/17 | ਦੀ ਮਲਿਕ ਕੋ-ਆਪਰੇਟਿਵ ਸੋਸਾਇਟੀ ਲਿਮਟਿਡ | 446464/- | 386343/- | 60121/- |
| 2 | 3/17 | ਦੀ ਮਲਿਕ ਕੋ-ਆਪਰੇਟਿਵ ਸੋਸਾਇਟੀ ਲਿਮਟਿਡ | 281864/- | 191503/- | 90361/- |
| 5 | 3/17 | ਦੀ ਪਲਾਸੌਰ ਕੋ-ਆਪਰੇਟਿਵ ਸੋਸਾਇਟੀ ਲਿਮਟਿਡ | 149427/- | 149049/- | 378/- |
| | | | | ਜੋੜ | 187633/- |

(ੲ) ਨਗਰ ਪੰਚਾਇਤ ਵਲੋਂ ਵਿਕਾਸ ਦੇ ਕੰਮ ਦੀਆ ਹੇਠ ਦਿੱਤੇ ਅਨੁਸਾਰ ਅੰਤਿਮ ਅਦਾਇਗੀਆਂ ਕੀਤੀਆਂ ਗਈਆਂ ਸਨ। ਅੰਤਿਮ ਅਦਇਗੀਆ ਕਰਦੇ ਸਮੇਂ ਨਗਰ ਪੰਚਾਇਤ ਅਧਿਕਾਰੀਆਂ ਵਲੋਂ ਕੰਮਾਂ ਦਾ ਨਿਰੀਖਣ ਕਰਕੇ ਫ਼ਾਰਮ ਐਮ. ਡਬਲਿਊ-12 ਵਿੱਚ ਕੰਪੀਲੇਸ਼ਨ ਰਿਪੋਰਟਾ ਵਰਕ ਬਿੱਲਾਂ ਨਾਲ ਪੇਸ਼ ਨਹੀ ਕੀਤੀਆਂ ਗਈਆਂ, ਜਿਸ ਕਰਕੇ ਕੰਮਾਂ ਦੇ ਸਪੈਸ਼ੀਫ਼ਿਕੇਸ਼ਨ ਅਨੁਸਾਰ ਸੰਪੂਰਨਤਾਂ ਨੂੰ ਤਸਦੀਕ ਨਹੀ ਕੀਤਾ ਜਾ ਸਕਦਾ ।ਇਹ ਰਿਪੋਰਟਾਂ ਹੁਣ ਪ੍ਰਾਪਤ ਕੀਤੀਆ ਜਾਣ ਅਤੇ ਵਰਕ ਬਿੱਲਾਂ ਨਾਲ ਲਗਾ ਕਿ ਆਡਿਟ ਸਮੇਂ ਚੈਕ ਕਰਵਾਈਆ ਜਾਣ। ਇਹ ਬਾਬਤ ਸਾਲ 2015-16 ਦੀ ਆਡਿਟ ਰਿਪੋਰਟ ਦੇ ਪੈਰਾ 4(ੲ) ਅਤੇ 5(ਅ) ਵਿੱਚ ਵੀ ਸੰਕੇਤ ਦਿੱਤਾ ਗਿਆ ਸੀ, ਪਰ ਕੋਈ ਕਾਰਵਾਈ ਨਹੀ ਹੋਈ।

| ਵੋਚਰ ਨੰ: | ਮਹੀਨਾਂ | ਫ਼ਰਮ ਦਾ ਨਾਮ | ਰਕਮ/ਰੁਪਏ | ਕੰਮ ਦਾ ਨਾਂ |
|---|---|---|---|---|
| 14 | 12/12 | ਦੀ ਮਲਿਕ ਕੋ-ਆਪਰੇਟਿਵ ਸੋਸਾਇਟੀ | 173118/- | ਗਲੀਆਂ ਦੇ ਫ਼ਰਸ਼ ਨੇੜੇ |

| | | | | |
|---|---|---|---|---|
| | | ਲਿਮਟਿਡ | | ਬਿੱਟੂ ਦੇ ਘਰ ਤੋ ਹੀਰਾ ਸਿੰਘ ਵਾਰਡ ਨੰਬਰ |
| 15 | ਉਹੀ | ਉਹੀ | 225278/- | ਵੱਖ -ਵੱਖ ਗਲੀਆਂ ਵਿੱਚ ਡੀ ਟਾਈਪ ਗਲੀਆਂ 1 ਅਤੇ 2 ਨਵੀਆਂ ਬਣਾਉਣ ਲਈ ਅਤੇ ਰਿਪੇਅਰ ਰਾਜਾਸਾਂਸੀ। |
| 17 | ਉਹੀ | ਦੀ ਨੈਸਨਲ ਕੋ-ਆਪਰੇਟਿਵ ਸੋਸਾਇਟੀ ਲਿਮਟਿਡ | 493526/- | ਵੱਖ-ਵੱਖ ਗਲੀਆਂ ਵਿੱਚ ਡੀ ਟਾਈਪ ਗਲੀਆਂ 1 ਅਤੇ 2 ਨਵੀਆਂ ਬਨਾਉਣ ਅਤੇ ਰਿਪੇਅਰ ,ਰਾਜਾਸਾਂਸੀ ਵਾਰਡ 1-13 |
| 23 | ਉਹੀ | ਮੈਸਰਜ ਸੁਭਾਸ ਐਂਡ ਸੰਨਜ | 1066959/- | ਸਪਲਾਈ ਐਂਡ ਇਰੈਕਸ਼ਨ ਆਫ ਰੈਪੋ ਗੇਟ,ਅਦਲੀਵਾਲਾ ਰੋਡ ਰਾਜਾਸਾਂਸੀ। |
| 39 | ਉਹੀ | ਦੀ ਨੈਸਨਲ ਕੋ-ਆਪਰੇਟਿਵ ਸੋਸਾਇਟੀ ਲਿਮਟਿਡ | 314319/- | ਗਲੀਆਂ ਵਿੱਚ ਇੰਟਰਲੋਕਿੰਗ ਬਲਾਕ 600 ਐਮ.ਐਮ ਵਾਸਤੇ -ਨੇੜੇ ਬਲਵਿੰਦਰ ਸਿੰਘ ਦੇ ਘਰ ਤੋ ਸਰਦੂਲ ਸਿੰਘ ਦੇ ਘਰ ਤੱਕ ਵਾਰਡ ਨੰ:08 |
| 58 | ਉਹੀ | ਉਪਰੋਕਤ | 286123/- | ਗਲੀਆਂ ਵਿੱਚ ਇੰਟਰਲੋਕਿੰਗ ਬਲਾਕ 600 ਐਮ.ਐਮ ਵਾਸਤੇ -ਨੇੜੇ ਜਰਮਨ ਸਿੰਘ ਦੇ ਘਰ ਦੇ ਨੇੜੇ ਵਾਰਡ ਨੰ:4 |

| | | | | |
|---|---|---|---|---|
| 62 | ਉਹੀ | ਦੀ ਰਾਜਾ ਕੋ-ਆਪਰੇਟਿਵ ਸੋਸਾਇਟੀ ਲਿਮਟਿਡ | 232299/- | ਗਲੀਆਂ ਵਿੱਚ ਇੰਟਰਲੋਕਿੰਗ ਬਲਾਕ 600 ਐਮ.ਐਮ ਵਾਸਤੇ -ਨੇੜੇ ਹਰਦੇਵ ਸਿੰਘ ਦੇ ਘਰ ਤੋਂ ਬਾਬਾ ਰਹਿਮਤ ਵਾਰਡ ਨੰ:12 |
| 20 | ਉਹੀ | ਮੈਸਰਜ ਐਮ.ਐਸ ਇੰਟਰਪ੍ਰਾਈਜਿਜ | 210721/- | ਵੱਖ-ਵੱਖ ਸੜਕਾਂ ਤੇ ਪਲਾਸਟਿਕ ਸਪੀਡ ਬਰੇਕਰ ਲਗਾਉਣ ਸਬੰਧੀ |
| 21 | 5/13 | ਉਪਰੋਕਤ | 452061/- | ਸੜਕਾਂ ਦੇ ਦੋਨੋ ਪਾਸੇ ਨਿਸ਼ਾਨ ਪੱਟੀ ਅਤੇ ਸੜਕਾਂ ਤੇ ਬਲਿੰਕਰ ਲਗਾਉਣ ਵਾਸਤੇ,ਅਜਨਾਲਾ ਰੋਡ ਤੋ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ,ਰਾਜਾਸਾਂਸੀ |
| 28 | 5/13 | ਦੀ ਨੈਸ਼ਨਲ ਕੋ-ਆਪਰੇਟਿਵ ਸੋਸਾਇਟੀ ਲਿਮਟਿਡ | 222402/- | ਨਵੀਆਂ ਗਲੀਆਂ ਬਨਾਉਣ ਤੇ ਰਿਪੇਅਰ ,ਵਾਰਡ ਨੰ:9 |
| 30 | 5/13 | ਦੀ ਨਿਊ ਲਾਇਟ ਕੋ-ਆਪਰੇਟਿਵ ਸੋਸਾਇਟੀ ਲਿਮਟਿਡ | 194816/- | ਵਾਰਡ ਨੰ:12 ਵਿੱਚ ਧਰਮਸਾਲਾ ਬਨਾਉਣ ਸਬੰਧੀ। |
| 35 | 5/13 | ਦੀ ਤ੍ਰਿਪਲਾ ਕੋ-ਆਪਰੇਟਿਵ ਸੋਸਾਇਟੀ ਲਿਮਟਿਡ | 229812/- | ਬਜਾਰ ਭੋਲੀਵਾਲਾ ਤੋ ਹਵਾਈ ਅੱਡੇ ਦੀ ਕੰਧ ਨਾਲ ਖੁੱਲੇ ਨਾਲੇ ਦੀ ਰਿਪੇਅਰ ਅਤੇ ਮਿੱਟੀ ਦੀ ਭਰਤ ਸਬੰਧੀ ਵਾਰਡ ਨੰ:12 |

| | | | | |
|---|---|---|---|---|
| 36 | 5/13 | ਦੀ ਤ੍ਰਿਪਲਾ ਕੋ-ਆਪਰੇਟਿਵ ਸੋਸਾਇਟੀ ਲਿਮਟਿਡ | 121630/- | ਬਜਾਰ ਭੋਗੋਵਾਲਾ ਤੋਂ ਹਵਾਈ ਅੱਡੇ ਦੀ ਕੰਧ ਨਾਲ ਖੁੱਲੇ ਨਾਲੇ ਦੀ ਸੱਜੇ ਪਾਸੇ ਮਿੱਟੀ ਦੀ ਭਰਤ ਸਬੰਧੀ ਵਾਰਡ ਨੰ:12 |
| 12 | 8/15 | ਪਲਾਸੋਰ ਕੋ-ਆਪਰੇਟਿਵ ਸੋਸਾਇਟੀ | 34300/- | ਐਫ.ਐਫ ਦੀ ਅਦਾਇਗੀ ਐਮ.ਬੀ ਨੰਬਰ 41/12 |
| 14 | 8/15 | ਪਲਾਸੋਰ ਕੋ-ਆਪਰੇਟਿਵ ਸੋਸਾਇਟੀ | 160542/- | 1215 ਐਮ.ਐਮ.ਦੇ ਜਿਪਸਮ ਬੋਰਡਾਂ ਦੀ ਸਪਲਾਈ ਅਤੇ ਐਮ.ਬੀ 41/7-9 |

6. ਵਿੱਤੀ ਸਥਿਤੀ :-

(ੳ) ਜਨਰਲ ਕੈਸ਼ ਬੁੱਕ:- ਨਗਰ ਪੰਚਾਇਤ ਰਾਜਾਸਾਂਸੀ ਦੀ ਵਿੱਤੀ ਸਥਿਤੀ ਤੁਲਨਾਤਮਿਕ ਰੂਪ ਵਿੱਚ ਹੇਠ ਲਿਖੇ ਅਨੁਸਾਰ ਹੈ।

| ਸਾਲ | 2015-16 | 2016-17 |
|---|---|---|
| ਮੁੱਢਲੀ ਬਾਕੀ | 15546624/- | 5521916/- |
| ਆਮਦਨ | 38724636/- | 37714075/- |
| ਜੋੜ | 54271260/- | 43235991/- |
| ਖਰਚ | 48749344/- | 42129753/- |
| ਅੰਤਿਮ ਬਾਕੀ | 5521916/- | 1106238/- |

ਪੰਜਾਬ ਨਿਰਮਾਣ

| ਸਾਲ | 2015-16 | 2016-17 |
|---|---|---|

| | | |
|---|---|---|
| ਮੁੱਢਲੀ ਬਾਕੀ | 70753/- | 73116/- |
| ਆਮਦਨ0 | 2863/- | 502968/- |
| ਜੋੜ | 73616/- | 576084/- |
| ਖਰਚ | 500/- | 165/- |
| ਅੰਤਿਮ ਬਾਕੀ | 73116/- | 575919/- |

ਪੀ ਐਮ ਆਈ ਡੀ ਸੀ(**PMIDC**)

| ਸਾਲ | **2015-16** | **2016-17** |
|---|---|---|
| ਮੁੱਢਲੀ ਬਾਕੀ | 6345972/- | 6039847/- |
| ਆਮਦਨ | 178219/- | 274780/- |
| ਜੋੜ | 6524191/- | 6314627/- |
| ਖਰਚ | 484344/- | 1553427/- |
| ਅੰਤਿਮ ਬਾਕੀ | 6039847/- | 4761200/- |

ਯੂ.ਡੀ -3

| ਸਾਲ | 2015-16 | 2016-17 |
|---|---|---|
| ਮੁੱਢਲੀ ਬਾਕੀ | 25426/- | 57966/- |
| ਆਮਦਨ | 706980/- | 3133/- |
| ਜੋੜ | 732406/- | 61099/- |
| ਖਰਚ | 674440/- | 20155/- |
| ਅੰਤਿਮ ਬਾਕੀ | 57966/- | 40944/- |

ਪੀ.ਆਈ.ਡੀ.ਬੀ :-

| ਸਾਲ | 2016-17 |
|---|---|
| ਮੁੱਢਲੀ ਬਾਕੀ | 2037000- |
| ਆਮਦਨ | 7783124- |
| ਜੋੜ | 9820124- |

| | |
|---|---|
| ਖਰਚ | 9749000- |
| ਅੰਤਿਮ ਬਾਕੀ | 71124- |

(ਅ) ਬੈਂਕ ਚਾਰਜਿਜ:- ਹੇਠ ਲਿਖੇ ਵੇਰਵੇ ਅਨੁਸਾਰ ਸਟੇਟ ਬੈਂਕ ਆਫ਼ ਇੰਡੀਆਂ ਦੇ ਖਾਤਾ ਨੰ: 610003 ਵਿੱਚ 300/-ਰੁਪਏ ਬੈਂਕ ਚਾਰਜਿਜ ਵਜੋਂ ਕਟੌਤੀ ਕੀਤੀ ਗਈ ਸੀ,ਜੋ ਕਿ ਸਹੀ ਨਹੀ ਹੈ।ਬੈਂਕ ਨਾਲ ਤਾਲਮੇਲ ਕਰਕੇ ਇਹ ਕਟੌਤੀ ਵਾਪਸ ਬੈਂਕ ਖਾਤੇ ਵਿੱਚ ਜਮਾਂ ਕਰਵਾਈ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਮਿਤੀ | ਰਕਮ/ਰੁਪਏ |
|---|---|
| 22-3-17 | 50/- |
| 24-3-17 | 50/- |
| 28-3-17 | 50/- |
| 29-3-17 | 50/- |
| 30-3-17 | 50/- |
| 31-3-17 | 50/- |
| ਕੁੱਲ ਜ਼ੋੜ | 300/- |

Rs. 300/- Recovered vide G.8. No. 32/195 dt. 20/06/18

7. ਗਰਾਂਟਾਂ :-

(ੳ) ਸਮਾਂ 4/16 ਤੋਂ 3/17 ਦੌਰਾਨ ਪ੍ਰਾਪਤ ਹੋਈਆਂ ਗਰਾਂਟਾਂ ਦੀ ਪੜਤਾਲ ਆਡੀਟਰ ਵਲੋਂ ਕੀਤੀ ਗਈ ਸੀ ਅਤੇ ਪੜਤਾਲ ਰਿਪੋਰਟ ਦੀ ਇੱਕ-ਇੱਕ ਕਾਪੀ ਮੌਕੇ ਤੇ ਹੀ ਕਾਰਜ ਸਾਧਕ ਅਫਸਰ ਨੂੰ ਦਸਤੀ ਦਿੱਤੀ ਗਈ ਸੀ ਅਤੇ ਦੱਸਿਆ ਗਿਆ ਸੀ ਇਸ ਵਿੱਚ ਦਰਜ ਬਕਾਇਆ/ਅਣਵਰਤੀਆਂ ਗਰਾਂਟਾਂ ਸਰਕਾਰ ਨੂੰ ਵਾਪਿਸ ਕੀਤੀਆਂ ਜਾਣ ਅਤੇ ਨਿਰਧਾਰਤ ਸਮੇਂ ਤੋਂ ਬਾਅਦ ਖਰਚ ਕੀਤੀਆਂ ਗਰਾਂਟਾਂ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਨਿਯਮਤ ਕਰਵਾਈਆਂ ਜਾਣ ।

(ਅ) ਕਰਜੇ:-

ਪੜਤਾਲ ਸਮੇਂ ਦੌਰਾਨ ਨਗਰ ਪੰਚਾਇਤ ਵਲੋਂ ਕਿਸੇ ਵੀ ਸਰਕਾਰੀ ਜਾਂ ਗੈਰ ਸਰਕਾਰੀ ਸੰਸ਼ਥਾਂ ਵਲੋਂ ਕੋਈ ਕਰਜਾ ਨਹੀ ਲਿਆ ਗਿਆ

8. ਅਸਲ ਪ੍ਰਾਪਤੀ ਰਸੀਦਾਂ:-

ਹੇਠ ਲਿਖੇ ਵੇਰਵੇ ਅਨੁਸਾਰ ਵੱਖ-ਵੱਖ ਫ਼ਰਮਾਂ ਨੂੰ ਅਦਾਇਗੀਆਂ ਕੀਤੀਆਂ ਗਈਆਂ ਸਨ,ਪ੍ਰੰਤੂ ਪੜਤਾਲ ਸਮੇਂ ਇਹਨਾਂ ਅਦਾਇਗੀਆਂ ਦੀਆਂ ਅਸਲ ਪ੍ਰਾਪਤੀ ਰਸੀਦਾ ਪੇਸ਼ ਨਹੀ ਕੀਤੀਆਂ ਗਈਆਂ। ਇਹ ਰਸੀਦਾਂ ਹੁਣ ਪ੍ਰਾਪਤ ਕੀਤੀਆਂ ਜਾਣ ਅਤੇ ਪਾਲਣਾਂ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਵੋਚਰ ਨੰਬਰ | ਮਹੀਨਾਂ | ਰਕਮ | ਵੇਰਵਾ |
|---|---|---|---|
| 20 | 3/17 | 3800/- | ਮੈਸਰਜ ਰਜਿੰਦਰ ਸਿੰਘ ਸਟੇਸ਼ਨਰੀ ਦੀ ਖਰੀਦ |
| 27 | 3/17 | 6721/- | ਮੈਸ:ਡਾਇਨਾਮੈਂਟ ਇੰਜ਼ੀਨੀਅਰ ਸਰਵਿਸਜ |
| 30 | 3/17 | 5140/- | ਮੈਸਰਜ ਰਜਿੰਦਰ ਸਿੰਘ ਕੰਪਿਊਟਰ ਰਿਪੇਅਰ |
| 26 | 7/16 | 194000/- | ਮੈਸਰਜ ਖਾਲਸਾ ਫ਼ੈਬਰੀਕੇਟਡ,ਤਰਨਤਾਰਨ ਸਫ਼ਾਈ ਸਾਖਾਂ ਦੇ ਵਹੀਕਲ ਦੀ ਰਿਪੇਅਰ। |
| 29 | 7/16 | 20150/- | ਮੈਸਰਜ ਅਸੋਕ ਕੁਮਾਰ,ਅੰਮ੍ਰਿਤਸਰ |
| 43 | 7/16 | 13750/- | ਮੈਸਰਜ ਰਜਿੰਦਰ ਸਿੰਘ ਕੰਪਿਊਟਰ ਰਿਪੇਅਰ। |

ਚੇਤਾਵਨੀ ਦੇ ਕੇ (ਉਹ ਰਕਮਾਂ ਨਕਦ ਦਿੱਤੀਆਂ ਗਈਆਂ ਸਨ)
ਰਿਕਾਰਡ [illegible] ਕੀਤਾ ਜਾਵੇ।

9. ਨਕਸ਼ਿਆਂ ਸਬੰਧੀ

(ੳ) ਆਡਿਟ ਰਿਪੋਰਟ ਸਮਾਂ 4/2005 ਤੋਂ 3/2012 ਦੇ ਪੈਰਾ ਨੰਬਰ 14(ੲ) ਮੁਤਾਬਿਕ ਨਗਰ ਪੰਚਾਇਤ ਵਲੋਂ ਹੇਠ ਦਰਜ ਵੇਰਵੇ ਅਨੁਸਾਰ ਬਿਲਡਿੰਗ ਦੇ ਨਕਸ਼ੇ ਪਾਸ ਕੀਤੇ ਗਏ ਸਨ ਅਤੇ ਜਿਨਾਂ ਵਿੱਚ ਡਿਵੈਲਪਮੈਂਟ ਚਾਰਜ ਦੀ 6048/- ਰੁਪਏ ਦੀ ਘੱਟ ਵਸੂਲੀ ਕੀਤੀ ਗਈ ਸੀ। ਇਹ ਰਕਮ ਹੁਣ ਤੱਕ ਵਸੂਲ ਨਹੀ ਕੀਤੀ ਗਈ । ਇਸ ਦੀ ਵਸੂਲੀ ਸਬੰਧੀ ਬਿਲਡਿੰਗ ਦ ਮਾਲਕ ਪਾਸੋਂ ਜਾਂ ਕਸੂਰਵਾਰ ਕਰਮਚਾਰੀ ਪਾਸੋਂ ਪ੍ਰਾਪਤ ਕਰਕੇ ਨਗਰ ਪੰਚਾਇਤ ਫ਼ੰਡ ਵਿੱਚ ਜਮਾਂ ਕਰਵਾਈ ਜਾਵੇ,ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਲੜੀ ਨੰਬਰ | ਮਾਲਕ ਦਾ ਨਾਂ | ਮਿਤੀ | ਰਸੀਦ ਨੰਬਰ | ਕੁੱਲ ਬਣਦੀ ਰਕਮ | ਕੁੱਲ ਵਸੂਲੀ ਰਕਮ | ਘੱਟ ਵਸੂਲੀ ਰਕਮ |
|---|---|---|---|---|---|---|
| 1 | ਜਸਬੀਰ ਮਸੀਹ | 31/7/09 | 72/32 | 39793/- | 33745/- | 6048/- |
| | | | | | | 6048/- |

GSNo 42/194
Dt 11/5/18
2 6048-

(ਅ) ਹੇਠ ਲਿਖੇ ਅਨੁਸਾਰ ਵੱਖ-ਵੱਖ ਪ੍ਰਾਪਰਟੀ ਹੋਲਡਰਾਂ ਦੀਆਂ ਬਿਲਡਿੰਗਾਂ ਦੇ ਨਕਸ਼ੇ ਸਬੰਧਤ ਰਜਿਸਟਰ ਵਿੱਚ ਪਾਸ ਕੀਤੇ ਦਰਸਾਏ ਗਏ ਸਨ ਪ੍ਰੰਤੂ ਇਹਨਾਂ ਨਾਲ ਸਬੰਧਤ ਫ਼ਾਇਲ ਪੜਤਾਲ ਸਮੇਂ ਪੇਸ਼ ਨਹੀ ਕੀਤੀ ਗਈ ਜਿਸ ਕਰਕੇ ਇਸ ਪ੍ਰਾਪਰਟੀ ਹੋਲਡਰ ਤੋ ਨਕਸ਼ਾ ਫ਼ੀਸ,ਮਲਬਾ ਫ਼ੀਸ,ਫ਼ਾਰਮ ਫ਼ੀਸ ਵਜੋ ਪ੍ਰਾਪਤ ਰਕਮ ਦੀ ਪੜਤਾਲ ਨਹੀ ਹੋ ਸਕੀ। ਇਹਨਾਂ/ਇਸ ਫ਼ਾਇਲ ਨੂੰ ਅਗਲੇ ਆਡਿਟ ਸਮੇਂ ਪੇਸ਼ ਕਰਨਾ ਯਕੀਨੀ ਬਣਾਇਆ ਜਾਵੇ।

| ਫਾਇਲ ਨੰਬਰ/ਰਜਿਸਟਰ ਲੜੀ ਨੰ: | ਵੇਰਵਾ |
|---|---|
| 40 ਮਿਤੀ 7.8.2015 | ਵਜੀਰ ਚੰਦ ਪੁੱਤਰ ਸ੍ਰੀ ਠਾਕੁਰ ਦਾਸ ਵਾਰਡ ਨੰ: 3 ਮੇਨ ਰੋਡ ਰਾਜਾ ਸਾਂਸੀ |

(ੲ) <u>ਨਕਸ਼ੇ ਨਾ ਪਾਸ ਕਰਨ ਸਬੰਧੀ:-</u> ਹੇਠ ਦਰਜ ਵੇਰਵੇ ਅਨੁਸਾਰ ਨਗਰ ਪੰਚਾਇਤ ਵਲੋਂ ਵੱਖ-ਵੱਖ ਕਿਸਮ ਦੇ ਰਿਹਾਇਸੀ/ਕਮਰਸ਼ੀਅਲ ਬਿਲਡਿੰਗ ਦੇ ਨਕਸ਼ਿਆਂ ਦੀ ਬਣਦੀ ਰਕਮ ਵਸੂਲ ਕੀਤੀ ਗਈ ਸੀ,ਪ੍ਰੰਤੂ ਇਹ ਨਕਸ਼ਾ ਪਾਸ ਨਹੀ ਕੀਤਾ ਗਿਆ ਸੀ ਅਤੇ ਇਹ ਟਿੱਪਣੀ ਕੀਤੀ ਗਈ ਸੀ ਕਿ ਮਾਲਕੀ ਦੇ ਸਬੂਤਾਂ ਸਬੰਧੀ ਪੱਤਰ ਵਿਹਾਰ ਕੀਤਾ ਜਾ ਰਿਹਾ ਹੈ। ਇਹ ਘੋਖ ਕਰਕੇ ਯਕੀਨੀ ਬਣਾਇਆ ਜਾਵੇ ਕਿ ਕਿਧਰੇ ਇਹਨਾਂ ਸਥਾਨਾਂ ਤੇ ਬਿਲਡਿੰਗ ਦੀ ਅਣਅਧਿਕਾਰਤ ਉਸਾਰੀ ਤਾਂ ਨਹੀ ਹੋ ਚੁੱਕੀ। ਇਸ ਸਬੰਧੀ ਪੜਤਾਲ ਕੀਤੀ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਲੜੀ ਨੰਬਰ | ਫ਼ਾਇਲ ਨੰਬਰ | ਮਹੀਨਾਂ | ਬਿਲਡਿੰਗ ਦੇ ਮਾਲਕ ਦਾ ਨਾਂ |
|---|---|---|---|
| 1 | 37 | 7/16 | ਅਮਰਾ ਦੇਵੀ ਪਤਨੀ ਜਸਵੰਤ ਸਿੰਘ ਵਾਰਡ ਨੰ:4 ਏਅਰਪੋਰਟ ਕਲੋਨੀ |
| 2 | 38 | 7/16 | ਪਰਮਿੰਦਰ ਸਿੰਘ ਪੁੱਤਰ ਸ੍ਰੀ ਸੁਖਬੀਰ ਸਿੰਘ ਵਾਰਡ ਨੰ:6 ਸਾਹਮਣੇ ਕਾਨਵੈਂਟ ਸਕੂਲ |
| 3 | 39 | 7/16 | ਕੇਸਰੀ ਪਤਨੀ ਗੋਂਦਾ ਰਾਮ ਵਾਰਡ ਨ:4 ਏਅਰ ਪੋਰਟ ਕਾਲੋਨੀ |
| 4 | 41 | 7/16 | ਦਵਿੰਦਰ ਕੋਰ ਪਤਨੀ ਨਿਰਮਲ ਸਿੰਘ ਵਾਰਡ ਨੰ:5 ਬਾਬਾ ਜਾਵੰਦ ਸਿੰਘ ਕਾਲੋਨੀ ਰਾਜਾਸਾਂਸੀ |
| 5 | 120 | 3/17 | ਅਮਰਜੀਤ ਕੋਰ ਪਤਨੀ ਮੁਖਤਾਰ ਸਿੰਘ ਵਾਰਡ ਨੰ:5 ਮੇਨ ਰੋਡ ਰਾਜਾਸਾਂਸੀ |
| 6 | 116 | 3/17 | ਪਲਵਿੰਦਰ ਕੋਰ ਪਤਨੀ ਰਣਜੀਤ ਸਿੰਘ ਵਾਰਡ ਨੰ:5 ਬਾਬਾ ਜਾਵੰਦ ਸਿੰਘ ਕਾਲੋਨੀ, ਰਾਜਾਸਾਂਸੀ |

10. ਵਾਟਰ ਸਪਲਾਈ:-

ਨਗਰ ਪੰਚਾਇਤ ਵਲੋਂ ਵਾਟਰ ਸਪਲਾਈ ਦਾ ਮੰਗ ਅਤੇ ਵਸੂਲੀ ਰਜਿਸਟਰ W-2 ਤਿਆਰ ਕਰਨ ਉਪਰੰਤ ਲੇਖਾ ਪੜਤਾਲ ਲਈ ਪੇਸ਼ ਕਰ ਦਿੱਤਾ ਗਿਆ,ਪ੍ਰੰਤੂ ਮਿਤੀ 05-9-14 ਤੋਂ ਵਾਟਰ ਸਪਲਾਈ ਅਤੇ ਸੀਵਰੇਜ ਸਰਕਲ ਅੰਮ੍ਰਿਤਸਰ ਨੂੰ ਸੌਂਪ ਦਿੱਤਾ ਗਿਆ ਸੀ ਅਤੇ 5-9-14 ਅਨੁਸਾਰ ਨਗਰ ਪੰਚਾਇਤ ਦੇ ਰਿਕਾਰਡ ਅਨੁਸਾਰ ਰਾਜਾਸਾਂਸੀ ਦੇ ਰਿਕਾਰਡ ਅਨੁਸਾਰ ਵੱਖ-ਵੱਖ ਖਪਤਕਾਰਾਂ ਪਾਸੋਂ 1078982/- ਰੁਪਏ ਦਾ ਬਕਾਇਆ ਵਸੂਲਣਯੋਗ ਹੈ।ਇਹ ਬਕਾਇਆ ਤੁਰੰਤ ਵਸੂਲਣ ਦੇ ਉਪਰਾਲੇ ਕੀਤੇ ਜਾਣ ਅਤੇ ਕੀਤੀ ਕਾਰਵਾਈ ਤੋਂ ਆਡਿਟ ਨੂੰ ਜਾਣੂ ਕਰਵਾਇਆ ਜਾਵੇ।

11. ਪ੍ਰੋਪਰਟੀ ਟੈਕਸ:-

(ੳ) ਸਾਲ 2016-17 ਦੋਰਾਨ ਨਗਰ ਪੰਚਾਇਤ ਰਾਜਾਸਾਂਸੀ ਵਲੋਂ ਪ੍ਰਾਪਰਟੀ ਟੈਕਸ ਦੀ ਹੇਠ ਲਿਖੇ ਅਨੁਸਾਰ ਵਸੂਲੀ ਕੀਤੀ ਗਈ।ਪ੍ਰਾਪਰਟੀ ਟੈਕਸ ਰਜਿਸਟਰ ਸਮਰੱਥ ਅਧਿਕਾਰੀ ਵਲੋਂ ਤਸਦੀਕ ਨਹੀਂ ਕੀਤਾ ਗਿਆ ਸੀ।ਇਸ ਨੂੰ ਹੁਣ ਤਸਦੀਕ ਕਰਵਾਇਆ ਜਾਵੇ,ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਸਾਲ | ਯੂਨਿਟਾਂ ਦੀ ਗਿਣਤੀ | ਵਸੂਲੀ (ਲੱਖਾਂ ਵਿੱਚ) |
|---|---|---|
| 2016-17 | 259 | 11.48 |

(ਅ) ਹਾਊਸ ਟੈਕਸ :-

ਨਗਰ ਪੰਚਾਇਤ ਦੇ ਹਾਊਸ ਟੈਕਸ ਬਕਾਇਆ ਦੀ ਸਥਿਤੀ ਹੇਠ ਲਿਖੇ ਅਨੁਸਾਰ ਸੀ।ਸਾਲ2015-16 ਦੇ ਅੰਤ ਤੱਕ ਇਹ ਵਸੂਲਣਯੋਗ ਰਕਮ 1850996/- ਬਕਾਇਆ ਖੜੀ ਸੀ।ਸਾਲ 2016-17 ਦੋਰਾਨ ਨਗਰ ਪੰਚਾਇਤ ਦੇ ਕਰਮਚਾਰੀਆਂ ਵਲੋਂ 69703/- ਰੁਪਏ ਵਸੂਲ ਕੀਤੇ ਗਏ ਜਦ ਕਿ 1781293/- ਰੁਪਏ ਅਜੇ ਵੀ ਹਾਊਸ ਟੈਕਸ ਵਜੋਂ ਬਕਾਇਆ ਖੜੇਂ ਸਨ ।ਇਸ ਦੀ ਵਸੂਲੀ ਸਬੰਧੀ ਯੋਗ ਉਪਰਾਲੇ ਕੀਤੇ ਜਾਣ ਅਤੇ ਕੀਤੀ ਕਾਰਵਾਈ ਤੋਂ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਸਾਲ | 2016-17 |
|---|---|
| ਮੁੱਢਲੀ ਬਾਕੀ | 1850996/- |
| ਸਾਲ 2016-17 ਦੋਰਾਨ ਵਸੂਲੀ | 69703/- |
| ਬਕਾਇਆ | 1781293/- |

12. ਲਾਗ ਬੁੱਕ- ਸਾਲ 2016-17 ਦੋਰਾਨ ਜਨਰੇਟਰ ਲਾਗ ਬੁੱਕ ਸਬੰਧਤ ਕਰਮਚਾਰੀ ਵਲੋਂ ਸਹੀ ਤਰੀਕੇ ਨਾਲ ਤਿਆਰ ਨਹੀ ਕੀਤੀ ਗਈ ਸੀ।ਤੇਲ ਦੀ ਖਰੀਦ ਦੇ ਇੰਦਰਾਜ ਮਿਤੀ ਵਾਇਜ ਦਰਜ ਨਹੀ ਕੀਤੇ ਗਏ ਸਨ,ਜਿਸ ਕਰਕੇ ਇਸ ਦੀ ਪੜਤਾਲ ਨਹੀ ਹੋ ਸਕੀ।ਲਾਗ ਬੁੱਕਾਂ ਵਿੱਚ ਤੇਲ ਦੇ ਇੰਦਰਾਜ ਅਤੇ ਖਪਤ ਨੂੰ ਕਿਸੇ ਕਰਮਚਾਰੀ/ਅਧਿਕਾਰੀ

ਇਸ ਸੰਬੰਧੀ ਪਾਲਣਾ ਕੀਤੀ ਗਈ ਹੈ ਕਿ ਨੋ ਵਿਧਾ
ਕਰਕੇ ਪੰਨਾ ਨੋਟ ਕੀਤਾ ਜਾਵੇ ਜੀ

ਵਲੋਂ ਤਸਦੀਕ ਨਹੀ ਕੀਤਾ ਗਿਆ ਸੀ। ਇਹ ਇੱਕ ਗੰਭੀਰ ਉਕਾਈ ਹੈ। ਇਹ ਤੱਥ ਕਾਰਜ ਸਾਧਕ ਅਫ਼ਸਰ ਜੀ ਦੇ ਵਿਸ਼ੇਸ ਧਿਆਨ ਹਿੱਤ ਲਿਆਂਦਾ ਜਾਦਾ ਹੈ। ਸਬੰਧਤ ਕਰਮਚਾਰੀ ਨੂੰ ਹਦਾਇਤ ਕੀਤੀ ਜਾਵੇ ਕਿ ਇਹ ਰਿਕਾਰਡ ਸਹੀ ਰੂਪ ਵਿੱਚ ਤਿਆਰ ਕੀਤਾ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

13. ਟੀਚੇ ਤੋਂ ਘੱਟ ਆਮਦਨ ਦੀ ਪ੍ਰਾਪਤੀ ਅਤੇ ਪ੍ਰਵਾਨਿਤ ਮੱਦਾਂ ਤੋਂ ਵੱਧ ਖਰਚ:-

ਹੇਠ ਦਿੱਤੇ ਵੇਰਵੇ ਅਨੁਸਾਰ ਸਾਲ 2016-17 ਦੋਰਾਨ ਬੱਜਟ ਵਿੱਚ ਨਿਰਧਾਰਿਤ ਕੀਤੀਆਂ ਗਈਆਂ ਮੱਦਾਂ ਤੋਂ ਘੱਟ ਆਮਦਨ ਦੀ ਪ੍ਰਾਪਤੀ ਅਤੇ ਟੀਚੇ ਤੋਂ ਵੱਧ ਖਰਚ ਕੀਤਾ ਗਿਆ ਸੀ ਜੋ ਕਿ ਇੱਕ ਗੰਭੀਰ ਉਕਾਈ ਹੈ। ਇਹ ਮਾਮਲਾ ਡਾਇਰੈਕਟਰ ਸਥਾਨਕ ਸਰਕਾਰਾਂ ਵਿਭਾਗ ਪੰਜਾਬ ਚੰਡੀਗੜ ਜੀ ਵਿਸ਼ੇਸ ਧਿਆਨ ਵਿੱਚ ਲਿਆਂਦਾ ਜਾਦਾ ਹੈ,ਅਤੇ ਅੱਗੇ ਤੋਂ ਆਮਦਨ ਦੀ ਵਸੂਲੀ ਬੱਜਟ ਵਿੱਚ ਨਿਰਧਾਰਿਤ ਮੱਦਾਂ ਅਨੁਸਾਰ ਕਰਨ ਦੇ ਉਪਰਾਲੇ ਕੀਤੇ ਜਾਣ ਅਤੇ ਇਸ ਦੀ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

ਆਮਦਨ :-

| ਲੜੀ ਨੰਬਰ | ਪ੍ਰਵਾਨਿਤ ਮੱਦਾਂ ਤੋਂ ਘੱਟ ਆਮਦਨ | ਬੱਜਟ ਵਿੱਚ ਪ੍ਰਵਾਨਤ ਰਕਮ | ਰਕਮ ਦੀ ਵਸੂਲੀ | ਪ੍ਰਵਾਨਿਤ ਮੱਦਾਂ ਤੋ ਘੱਟ ਵਸੂਲੀ |
|---|---|---|---|---|
| 1 | ਹਾਊਸ ਟੈਕਸ/ਪ੍ਰਾਪਰਟੀ ਟੈਕਸ | 0.75/ 12.25 | 0.70 11.59 | 0.05 0.66 |
| 2 | ਨਕਸ਼ਾ ਫ਼ੀਸ | 17.00 | 10.12 | 6.88 |
| 3 | ਐਡਵਰਟਾਈਜਮੈਂਟ | 2.00 | 0.18 | 1.82 |
| 4 | ਵਾਹੀ ਯੋਗ ਜ਼ਮੀਨ ਦਾ ਠੇਕਾ | 7.00 | 3.78 | 3.22 |
| 5 | ਬਿਜਲੀ ਚੁੰਗੀ ਕਰ | 10.00 | - | 10.00 |
| 6 | ਵੈਟ ਤੋਂ ਪ੍ਰਾਪਤ ਆਮਦਨ | 300.00 | 283.61 | 16.39 |
| 7 | ਹੋਰ ਸਾਧਨਾਂ ਤੋ ਆਮਦਨ | 22.75 | 9.09 | 13.66 |

ਖਰਚਾ:-

| ਲੜੀ ਨੰਬਰ | ਮੱਦ ਦਾ ਨਾਮ | ਬੱਜਟ ਵਿੱਚ ਪ੍ਰਵਾਨਿਤ ਰਕਮ | ਖਰਚ ਦਾ ਵੇਰਵਾ | ਪ੍ਰਵਾਨਿਤ ਮੱਦਾਂ ਤੋਂ ਵੱਧ ਖਰਚ |
|---|---|---|---|---|
| 1 | ਡੀਜਲ | 6.00 | 6.85 | 0.85 |

| | | | | |
|---|---|---|---|---|
| 2. | ਡਾਇਰੈਕੋਰੇਟ ਚਾਰਜਿਜ | ਨਿੱਲ | 4.48 | 4.48 |
| 3 | ਰਿਮੂਵਲ ਆਫ਼ ਸੈਨੀਟੇਸ਼ਨ ਮਲਬਾ | 32.00 | 35.91 | 3.91 |
| 4 | ਪਾਰਕਾਂ ਦੀ ਸਾਂਭ ਸੰਭਾਲ ਖਰਚਾ | 4.00 | 5.84 | 1.84 |
| 5 | ਵਿਕਾਸ ਅਤੇ ਹੋਰ ਕੰਮ | 22.27 | 39.29 | 17.02 |
| 6 | ਨਵੀਆਂ ਗਲੀਆਂ/ਨਾਲੀਆਂ | 35.00 | 53.25 | 18.25 |
| 7 | ਸਲੱਮ | 10.00 | 31.42 | 21.42 |
| 8 | ਪਾਰਕਾਂ ਦਾ ਖਰਚਾ(ਪਲਾਂਟੇਸ਼ਨ | 4.00 | 5.83 | 1.83 |

14. ਆਡਿਟ ਫ਼ੀਸ :-

ਵਰਤਮਾਨ ਪੜਤਾਲ ਸਮੇਂ ਦੀ ਆਡਿਟ ਫ਼ੀਸ 17500/- ਰੁਪਏ ਕਾਰਜ ਸਾਧਕ ਅਫ਼ਸਰ ਰਾਹੀ ਸਰਕਾਰੀ ਖਜਾਨੇ ਵਿੱਚ ਲੇਖੇ ਦੀ ਮੱਦ 0070- ਦੂਜੀਆਂ ਪ੍ਰਬੰਧਕੀ ਸੇਵਾਵਾਂ-60-ਦੂਜੀਆਂ ਸੇਵਾਵਾਂ -110-ਸਰਕਾਰੀ ਆਡਿਟ ਫ਼ੀਸ (ਸਟੇਟ) ਅਧੀਨ ਬੈਂਕ ਵਿੱਚ ਜਮਾਂ ਕਰਵਾਈ ਜਾਵੇ ਅਤੇ ਅਸਲ ਚਲਾਨ ਪ੍ਰੀਖਕ ਸਥਾਨਕ ਫੰਡ ਲੇਖਾ,ਪੰਜਾਬ ਚੰਡੀਗੜ ਨੂੰ ਪੜਤਾਲ ਹਿੱਤ ਭੇਜਿਆ ਜਾਵੇ।

| ਪੜਤਾਲ ਦੀਆਂ ਮਿਤੀਆਂ | ਸਟਾਫ਼ ਦਾ ਵੇਰਵਾ | ਕੁੱਲ ਦਿਨ | ਦਰ ਪ੍ਰਤੀ ਦਿਨ ਰੁਪਏ | ਰਕਮ/ਰੁਪਏ |
|---|---|---|---|---|
| 28,29/6/17 | ਸੈਕਸ਼ਨ ਅਫ਼ਸਰ | 2 | 3500/- | 7000/- |
| 5/7/17 | ਉਹੀ | 1 | 3500/- | 3500/- |
| 12/7/17 | ਉਹੀ | 1 | 3500/- | 3500/- |
| 20/7/17 | ਉਹੀ | 1 | 3500/- | 3500/- |
| | | | ਜੋੜ | 17500/- |

15. ਰਿਕਾਰਡ ਪੇਸ਼ ਨਹੀ ਕੀਤਾ :-

ਹੇਠ ਲਿਖਿਆ ਰਿਕਾਰਡ ਪੜਤਾਲ ਸਮੇਂ ਪੇਸ਼ ਨਹੀ ਕੀਤਾ ਗਿਆ। ਇਹ ਰਿਕਾਰਡ ਅਗਲੀ ਪੜਤਾਲ ਸਮੇਂ ਪੇਸ਼ ਕਰਨਾ ਯਕੀਨੀ ਬਣਾਇਆ ਜਾਵੇ।

1 ਬਿਜਲੀ ਦੇ ਸਮਾਨ ਦਾ ਸਟਾਕ ਰਜਿਸਟਰ

2 ਲਾਇਸੈਂਸ ਅੰਡਰ ਸੈਕਸ਼ਨ 121 ਰਿਕਸ਼ਾ,ਰੇੜਾ,ਠੇਲਾ ਆਦਿ। Not applicable in NP Rules

3 ਜੀ-8 ਕਿਤਾਬਾਂ ਦਾ ਰਜਿਸਟਰ

4 ਵਰਕ ਰਜਿਸਟਰ/ਸਕਿਉਰਟੀ ਰਜਿਸਟਰ

5 ਕੰਟਰੈਕਟਰ ਲੈਜਰ

16. ਫੁੱਟਕਲ :-(ੳ) ਨਗਰ ਪੰਚਾਇਤ ਵਲੋਂ ਰਿਪੇਅਰ ਸਬੰਧੀ ਕੀਤੇ ਖਰਚਿਆਂ ਲਈ ਕੋਈ ਵੱਖਰਾ ਰਿਪੇਅਰ ਰਜਿਸਟਰ ਲਗਾਇਆ ਨਹੀ ਗਿਆ। ਇਸ ਨਾਲ ਰਿਪੇਅਰ ਉਪਰ ਕੀਤੇ ਗਏ ਖਰਚੇ ਸਬੰਧੀ ਮੁਕੰਮਲ ਪੜਤਾਲ ਨਹੀ ਹੋ ਸਕਦੀ। ਇਹ ਰਜਿਸਟਰ ਹੁਣ ਲਗਾਇਆ ਜਾਵੇ ਅਤੇ ਪਾਲਣਾਂ ਅਗਲੇ ਆਡਿਟ ਸਮੇਂ ਵਿਖਾਈ ਜਾਵੇ

(ਅ) ਆਡਿਟ ਪੜਤਾਲ ਸਮੇਂ ਦੋਰਾਨ ਨਕਾਰਾ ਸਮਾਨ ਅਤੇ ਪੁਰਾਣੇ ਅਖਬਾਰਾਂ ਦੀ ਰੱਦੀ ਵੇਚੀ ਨਹੀ ਗਈ। ਇਹ ਸਮਾਨ ਖੁੱਲੀ ਬੋਲੀ ਰਾਹੀ ਵੇਚਿਆ ਜਾਵੇ, ਅਤੇ ਆਮਦਨ ਨਗਰ ਪੰਚਾਇਤ ਫ਼ੰਡ ਵਿੱਚ ਜਮਾਂ ਕਰਵਾਈ ਜਾਵੇ।

(ੲ) ਤਨਖਾਹ ਬਿੱਲਾਂ ਨਾਲ ਐਬਸੈਂਟੀ ਸਟੇਟਮੈਂਟਾਂ ਨਹੀ ਲਗਾਈਆਂ ਸਨ। ਅੱਗੇ ਤੋ ਇਹ ਐਬਸੈਂਟੀ ਸਟੇਟਮੈਂਟਾਂ ਤਨਖਾਹ ਬਿੱਲਾਂ ਨਾਲ ਲਗਵਾਉਣੀਆਂ ਯਕੀਨੀ ਬਣਾਈਆਂ ਜਾਣ।

(ਸ) ਡਿਸਪੈਚ ਰਜਿਸਟਰ ਵਿੱਚ ਡਾਕ ਟਿਕਟਾਂ ਦਾ ਮਹੀਨੇਵਾਰ ਲੇਖਾ ਤਿਆਰ ਨਹੀ ਕੀਤਾ ਗਿਆ ਸੀ। ਇਸ ਨੂੰ ਹੁਣ ਤਿਆਰ ਕੀਤਾ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

17. ਸਿੱਟਾ:- ਨਗਰ ਪੰਚਾਇਤ ਦੇ ਲੇਖਿਆ ਵਿੱਚ ਹੋਰ ਸੁਧਾਰ ਅਤੇ ਨੇੜਲੀ ਨਿਗਰਾਨੀ ਦੀ ਲੋੜ ਹੈ।

ਸ਼ੀ/-

ਟਾਈਪ ਕਰਤਾ:- ਗੁਰਚਰਨ ਸਿੰਘ

ਮਿਲਾਨ ਕਰਤਾ:-

ਰਿਜਨਲ ਡਿਪਟੀ ਡਾਇਰੈਕਟਰ

(ਲੋਕਲ ਆਡਿਟ)ਅੰਮ੍ਰਿਤਸਰ,ਪੰਜਾਬ।